# ਸਤਨਾਮੀ ਬਾਈ

(ਨਾਟਕ ਸ਼ੁਰੂ ਹੋਣ 'ਤੇ ਸਤਨਾਮੀ ਬਾਈ ਗੋਡਿਆਂ ਦੇ ਭਾਰ ਬੈਠੀ ਹੈ। ਉਹਨੂੰ ਤਿੰਨ ਬੰਦਿਆਂ ਨੇ ਘੇਰਿਆ ਹੋਇਆ ਹੈ। ਦੋ ਦੇ ਦੁਆਲੇ ਕਾਲੀਆਂ ਚਾਦਰਾਂ ਹਨ ਤੇ ਇਕ ਦੇ ਦੁਆਲੇ ਲਾਲ ਚਾਦਰ ਹੈ। ਉਸ ਬੌਸ ਹੈ। ਉਹਨਾਂ ਦੇ ਚਿਹਰੇ ਢੱਕੇ ਹੋਏ ਹਨ। ਸਿਰਫ ਅੱਖਾਂ ਨੰਗੀਆਂ ਹਨ।

ਇਕ : ਤੂੰ ਸਾਡੇ ਬੌਸ ਨੂੰ ਅਦਾਲਤ ਵਿਚ ਪਛਾਣਨ ਦਾ ਦਾਅਵਾ ਕੀਤਾ।

ਦੋ : ਕੀ ਤੂੰ ਸਾਨੂੰ ਪਛਾਣਦੀ ਏਂ ?

ਇਕ : ਨਹੀਂ ਪਛਾਣਦੀ ਹੋਣੀ।

ਦੋ : ਅਸੀਂ ਹਰ ਥਾਂ ਹਾਜ਼ਰ ਹੁੰਦੇ ਹਾਂ, ਪਰ ਸਾਨੂੰ ਪਛਾਣ ਕੋਈ ਨਹੀਂ ਸਕਦਾ।

ਇਕ : ਆਜ਼ਾਦ ਹਿੰਦੋਸਤਾਨ ਦੀ ਸਾਰੀ ਸਿਆਸਤ ਸਾਡੇ 'ਤੇ ਚਲਦੀ ਹੈ।

ਦੋ : ਵੋਟਾ ਪੈਣ ਤੋਂ ਪਹਿਲਾਂ ਨੇਤਾ ਲੋਕਾਂ ਨੂੰ ਸਾਡੀ ਲੋੜ ਹੁੰਦੀ ਹੈ।

ਇਕ : ਵੋਟਾਂ ਪੈਣ ਵੇਲੇ ਸਾਡੀ ਲੋੜ ਹੁੰਦੀ ਹੈ।

ਦੋ : ਵੋਟਾਂ ਤੋਂ ਬਾਦ ਸਾਡੀ ਲੋੜ ਹੁੰਦੀ ਹੈ।

ਇਕ : ਵਕਤ ਖਰਾਬ ਨਾ ਕਰੋ, ਇਸ ਔਰਤ ਨਾਲ ਸਿੱਧੀ ਗੱਲ ਕਰੋ।

ਇਕ : ਸਤਨਾਮੀ ਬਾਈ ਅਸੀਂ ਤੈਨੂੰ ਕਹਿਣ ਆਏ ਹਾਂ ਕਿ ਜੋ ਕੁਝ ਹੁਣ ਤੱਕ ਹੋ ਗਿਆ ਹੈ, ਉਹ ਕਾਫੀ ਹੈ।

ਦੋ : ਇਸ ਤੋਂ ਅੱਗੇ ਹੋਰ ਕੁਝ ਨਹੀਂ ਹੋਣਾ ਚਾਹੀਦਾ।

ਇਕ : ਇਹਦੇ ਲਈ ਅਸੀਂ ਕੀਮਤ ਚੁਕਾ ਦੇਵਾਂਗੇ।

ਦੋ : ਜੇ ਨਾ ਮੰਨੀ ਤਾਂ ਫੇਰ ਤੈਨੂੰ ਕੀਮਤ ਚੁਕਾਉਣੀ ਪਵੇਗੀ।

ਇਕ : ਤੇਰੇ ਪਤੀ ਦੀ ਜੋ ਹੋਣੀ ਸੀ, ਉਹ ਉਹਨੇ ਭੋਗ ਲਈ।
– ਤੂੰ ਚੁੱਪ ਕਿਉਂ ਏਂ ?

ਸਤਨਾਮੀ : (ਅਗੇ ਆ ਕੇ) ਜੱਜ ਸਾਹਬ ਕਹਿੰਦੇ ਨੇ ਮੇਰਾ ਪਤੀ ਮੇਰਾ ਸਭ ਕੁਝ ਸੀ। ਹਾਂ ਉਹ ਮੇਰਾ ਸਭ ਕੁਝ ਸੀ, ਉਹ ਦਿਨ ਮੈਨੂੰ ਕੱਲ ਵਾਂਗ ਯਾਦ ਏ, ਜਦੋਂ ਉਹ ਆਖਰੀ ਵਾਰ ਕੰਮ 'ਤੇ ਗਿਆ ਸੀ।

*(ਪਤੀ ਆਉਂਦਾ ਹੈ।)*

ਪਤੀ : ਅੱਛਾ ਸਤਨਾਮੀ, ਮੈਂ ਹੁਣ ਚਲਦਾ ਹਾਂ, ਅੱਜ ਬਹੁਤ ਦੂਰ ਜਾਣਾ ਹੈ।

ਸਤਨਾਮੀ : ਜਲਦੀ ਆ ਜਾਣਾ।

ਪਤੀ : ਕਿਉਂ ਕੋਈ ਖਾਸ ਗੱਲ ਏ ?

ਸਤਨਾਮੀ : ਖਾਸ ਕੋਈ ਨਹੀਂ, ਤੁਸੀਂ ਕੋਲ ਹੋਵੋ ਤਾਂ ਚੰਗਾ ਲਗਦਾ ਏ।

ਪਤੀ : ਅੱਛਾ ਆ ਜਾਵਾਂਗਾ, ਮੈਂ ਕਦੋਂ ਚਾਹੁੰਦਾ ਕਿ ਤੇਰੇ ਕੋਲੋਂ ਦੂਰ ਰਵਾਂ ?

*(ਹੌਲੇ ਹੌਲੇ ਬਾਹਰ ਜਾਂਦਾ ਹੈ, ਇਕ ਅੱਧ ਵਾਰ ਮੁੜਕੇ ਵੀ ਵੇਖਦਾ ਹੈ, ਉਹ ਵੀ ਉਹਨੂੰ ਜਾਂਦਿਆਂ ਪਿਆਰ ਨਾਲ ਵੇਖਦੀ ਹੈ।)*

ਸਤਨਾਮੀ : (ਫੇਰ ਲੋਕਾਂ ਨੂੰ ਸੰਬੋਧਨ ਹੁੰਦੀ ਹੈ) ਹਾਂ, ਮੈਂ ਉਹਨੂੰ ਬਹੁਤ ਪਿਆਰ ਕਰਦੀ ਸਾਂ। ਉਹਦੇ ਨਾਲ ਮੇਰੇ ਉਹ ਬੋਲ ਆਖਰੀ ਸਨ, ਪਰ ਅੱਜ ਵੀ ਉਹ ਸਭ ਕੁਝ ਮੇਰੀਆਂ ਅੱਖਾਂ ਦੇ ਸਾਹਮਣੇ ਹੈ, ਜਿਸ ਤਰ੍ਹਾਂ ਬਿਲਕੁਲ ਹੀ ਕੱਲ ਦੀ ਗੱਲ ਹੈ। ਉਹਨੂੰ ਰੋਜ਼ ਘਰੋਂ ਭੇਜਦੀ ਸਾਂ, ਉਦਾਸ ਹੁੰਦੀ ਸਾਂ, ਸਾਰਾ ਦਿਨ ਉਹਦੀ ਉਡੀਕ ਕਰਦੀ ਸਾ, ਉਹਦੇ ਆਉਣ 'ਤੇ ਖੁਸ਼ ਹੁੰਦੀ ਸਾਂ, ਪਰ ਉਸ ਦਿਨ ਤੋਂ ਬਾਦ ਸਭ ਕੁਝ ਖਤਮ ਹੋ ਗਿਆ। ਨਿਕੀਆਂ-ਨਿਕੀਆਂ ਉਦਾਸੀਆਂ, ਨਿੱਕੇ ਨਿੱਕੇ ਹਾਸੇ ਸਭ ਕੁਝ ਖਤਮ ਹੋ ਗਿਆ।

*(ਅੱਖਾਂ ਪੂੰਝਦੀ ਹੈ ਤੇ ਪਹਿਲਾਂ ਵਾਲੀ ਥਾਂ 'ਤੇ ਆਉਂਦੀ ਹੈ।)*

ਜੱਜ : ਤੇਰੀਆਂ ਅੱਖਾ ਵਿਚ ਅੱਥਰੂ ਨੇ, ਤੂੰ ਬੋਲ ਅਸੀਂ ਤੈਨੂੰ ਇਨਸਾਫ ਦੇਵਾਂਗੇ।

*(ਹਰਕਿਸ਼ਨ ਲਾਲ ਭਗਤ ਅਗੇ ਆਂਦਾ ਹੈ, ਤਨਜ਼ੀਅ ਹਾਸਾ ਹਸਦਾ ਹੈ।)*

ਭਗਤ : (ਹਸਦੇ ਹੋਏ) ਇਹ ਜੋ ਕਾਲਾ ਗਾਊਨ ਪਾ ਕੇ ਕੁਰਸੀ 'ਤੇ ਬੈਠਾ ਏ, ਇਹਨੂੰ ਭੁਲੇਖਾ ਏ ਕਿ ਇਹ ਇਨਸਾਫ ਕਰੇਗਾ, ਇਹ ਨਾ ਹੀ ਸਤਨਾਮੀ ਬਾਈ ਨੂੰ ਇਨਸਾਫ ਦੇ ਸਕਦਾ ਏ ਤੇ ਨਾ ਹੀ ਮੇਰਾ ਕੁਝ ਕਰ ਸਕਦਾ ਹੈ। ਇਹ ਇਨਸਾਫ ਦੇਣ ਦੀ ਕੋਸ਼ਿਸ਼ ਕਰੇਗਾ, ਇਹ ਦਾਅਵਾ ਵੀ ਕਰੇਗਾ, ਪਰ ਇਹ ਮੇਰਾ ਕੁਝ ਨਹੀਂ ਵਿਗਾੜ ਸਕੇਗਾ। ਕੁਝ ਦੇਰ ਬਾਅਦ ਇਹ ਵੀ ਹਾਰ ਜਾਏਗਾ, ਜੇ ਇਹ ਹਾਰਿਆ ਨਾ ਹੁੰਦਾ ਤਾਂ ਨਰਸਿਮਹਾਰਾਉ ਜੇਲ ਤੋਂ ਬਾਹਰ ਨਾ ਹੁੰਦਾ। ਚੰਦਰਾਸਵਾਮੀ ਜੇਲ੍ਹ ਵਿਚ ਜਾਕੇ ਵੀ ਅਯਾਸ਼ੀ ਵਾਲੀ ਜ਼ਿੰਦਗੀ ਨਾ ਬਿਤਾਉਂਦਾ। ਪਰ ਇਹ ਕਾਲੇ ਗਾਊਨ ਵਾਲਾ ਆਕੜਦਾ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਹਿੰਦੋਸਤਾਨ ਦਾ ਹੁਣ ਇਹ ਹੀ ਮਾਲਕ ਏ।

*(ਆਪਣੀ ਥਾਂ 'ਤੇ ਵਾਪਸ ਆਉਂਦਾ ਹੈ।)*

ਜੱਜ : ਸਤਨਾਮੀ ਬਾਈ, ਤੂੰ ਹਾਲੇ ਵੀ ਚੁੱਪ ਏਂ।

ਸਤਨਾਮੀ : ਜੱਜ ਸਾਹਬ ਮੈਂ... ...)

*(ਪਿਛੋਂ ਗਰਜਵੀਂ ਆਵਾਜ਼)*

ਆਵਾਜ਼ : ਸਤਨਾਮੀ ਬਾਈ, ਕੀ ਕਹਿਣ ਲੱਗੀ ਏਂ ? ਇਕ ਵਾਰੀ ਫੇਰ ਸੋਚ ਲੈ, ਤੇਰੇ ਕਹਿਣ 'ਤੇ ਲੋਕ ਬੜੇ ਖੁਸ਼ ਹੋਣਗੇ, ਅਖ਼ਬਾਰਾਂ ਵਿਚ ਤੇਰੀ ਤਾਰੀਫ ਵੀ ਕਰਨਗੇ, ਤੇਰੀਆਂ ਫੋਟੋ ਅਖ਼ਬਾਰਾਂ ਵਿਚ ਛਪਣਗੀਆਂ, ਪਰ ਇਹ ਲੋਕ ਉਸ ਵੇਲੇ ਕਿਧਰੇ ਵੀ ਨਹੀਂ ਲੱਭਣਗੇ ਜਦੋਂ ਤੂੰ ਦਿੱਲੀ ਦੀਆਂ ਭੀੜ ਵਾਲੀਆਂ ਬਸਾਂ ਵਿਚ ਇਕੱਲੀ ਸਫਰ ਕਰ ਰਹੀ ਹੋਵੇਂਗੀ ਤੇ ਅਸੀਂ ਦਸ ਪੰਦਰਾਂ ਤੇਰੇ ਦੁਆਲੇ ਹੋਵਾਂਗੇ।

ਜੱਜ : ਕੀ ਸੋਚ ਰਹੀ ਏਂ ?

ਸਤਨਾਮੀ : (ਅੱਗੇ ਆ ਕੇ) ਜੱਜ ਸਾਹਬ ਪੁੱਛਦੇ ਨੇ ਕਿ ਕੀ ਸੋਚ ਰਹੀ ਹਾਂ ? ਮੈਂ ਉਹਨਾਂ ਸਾਰੀਆਂ ਧਮਕੀਆਂ ਬਾਰੇ ਸੋਚ ਰਹੀ ਹਾਂ, ਜਿਹੜੀਆਂ ਮੈਨੂੰ ਪਿਛਲੇ ਦਿਨਾਂ ਵਚ ਦਿੱਤੀਆਂ ਗਈਆਂ ਨੇ। ਇਹਨਾਂ ਧਮਕੀਆਂ ਦੀ ਅਸਲੀਅਤ ਮੈਂ 84 ਵਿਚ ਦੇਖ ਚੁੱਕੀ ਸਾਂ। ਮੈਨੂੰ ਉਜਾੜ ਦਿੱਤਾ ਜਾਏਗਾ, ਮੈਨੂੰ ਤਹਿਸ਼ ਨਹਿਸ਼ ਕਰ ਦਿੱਤਾ ਜਾਏਗਾ, ਮੇਰੇ ਸਾਕ ਸਬੰਧੀ ਖਤਮ ਕਰ ਦਿੱਤੇ ਜਾਣਗੇ, ਫੇਰ ਕਮਿਸ਼ਨ ਬੈਠੇਗਾ ਤੇ ਫੇਰ... ਕੁਝ ਨਹੀਂ। ਮੇਰੇ ਲੋਕੋ, ਮੈਂ ਤੁਹਾਨੂੰ ਸੰਬੋਧਨ ਹਾਂ, ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਕੇ ਹੀ ਆਪਣੇ ਮਨ ਨੂੰ ਨਾ ਖੁਸ਼ ਕਰ ਲਿਆ ਕਰੋ ਕਿ ਦੇਸ਼ ਦੀਆਂ ਅਦਾਲਤਾਂ ਬੜੀਆਂ ਸਰਗਰਮ ਹੋ ਗਈਆਂ ਹਨ, ਇਹ ਝੂਠੀਆਂ ਤਸੱਲੀਆਂ ਹਨ, ਇਸ ਦੇਸ਼ ਵਿਚ ਗੁੰਡਿਆਂ ਦੀ ਤਾਕਤ ਅਦਾਲਤਾਂ ਨੂੰ ਵੀ ਹਰਾ ਸਕਦੀ ਹੈ।

*(ਆਪਣੀ ਥਾਂ 'ਤੇ ਆਉਂਦੀ ਹੈ)*

ਜੱਜ : ਸਤਨਾਮੀ, ਅਦਾਲਤ ਤੇਰੇ ਜਵਾਬ ਦੀ ਉਡੀਕ ਵਿਚ ਹੈ, ਕੀ ਤੂੰ ਇਸ ਵਿਅਕਤੀ ਨੂੰ ਪਛਾਣਦੀ ਏਂ ?

ਸਤਨਾਮੀ : (ਅੱਗੇ ਆ ਕੇ) ਜੱਜ ਸਾਹਬ ਵਾਰ ਵਾਰ ਪੁੱਛ ਰਹੇ ਨੇ ਕਿ ਕੀ ਮੈਂ ਇਸ ਵਿਅਕਤੀ ਨੂੰ ਪਛਾਣਦੀ ਹਾਂ ? ਪਛਾਣਦੀ ਕਿਉਂ ਨਹੀਂ ? 12 ਸਾਲ ਹਰ ਅਲੈਕਸ਼ਨ ਵਿਚ ਇਹ ਹਾਕਮ ਪਾਰਟੀ ਦਾ ਉਮੀਦਵਾਰ ਰਿਹਾ ਹੈ। ਇਹਦੀਆਂ ਆਦਮਕੱਦ ਤਸਵੀਰਾਂ ਹਰ ਚੌਕ ਵਿਚ ਲਗੀਆਂ ਹੁੰਦੀਆਂ ਸਨ ਕਿ ਉਹ ਗਰੀਬਾਂ ਦਾ ਦਰਦਮੰਦ ਏ, ਇਹੀ ਇਕ ਵੱਡਾ ਦੇਸ਼ ਭਗਤ ਏ, ਪਰ ਮੈਂ ਆਪਣੇ ਆਪ ਬੋਲ ਉੱਠਦੀ ਸਾਂ, ਮੇਰਾ ਜੀਅ ਚਾਹੁੰਦਾ ਸੀ ਕਿ ਮੈਂ ਚੀਕ ਚੀਕ ਕੇ ਆਖਾਂ ਕਿ ਇਹ ਕਾਤਲ ਏ, ਇਹ ਹਤਿਆਰਾ ਏ, ਇਹ ਕਾਤਲ ਏ, ਇਹ

ਹਤਿਆਰਾ ਏ,

*(ਫੇਰ ਆਪਣੇ ਆਪ ਨੂੰ ਕਾਬੂ ਕਰਕੇ ਪਹਿਲੇ ਵਾਲੀ ਥਾਂ 'ਤੇ ਆ ਜਾਂਦਾ ਹੈ)*

ਜੱਜ : ਸਤਨਾਮੀ ਤੇਰੇ ਚਿਹਰੇ ਦਾ ਪ੍ਰਭਾਵ ਦੱਸਦਾ ਏ ਕਿ ਤੂੰ ਕੁਝ ਬੋਲਣਾ ਚਾਹੁੰਦੀ ਏਂ, ਪਰ... ..।

ਭਗਤ : ਪਰ ਇਹ ਬੋਲੇਗੀ ਨਹੀਂ।

ਜੱਜ : ਹਰਕਿਸ਼ਨ ਲਾਲ ਜੀ ਤੁਸੀਂ ਕੁਝ ਰਿਹਾ ?

ਭਗਤ : ਨਹੀਂ ਮੈਂ ਤਾਂ ਕੁਝ ਨਹੀਂ ਕਿਹਾ।

ਜੱਜ : ਮੈਂ ਆਖਿਆ, ਸ਼ਾਇਦ ਤੁਹਾਡੇ ਫੇਰ ਛਾਤੀ ਦਰਦ ਹੋ ਗਈ ਏ।

ਭਗਤ : ਦਰਦ ?

ਜੱਜ : ਹਾਂ ਤੁਹਾਡੇ ਵਡੇ ਲੋਕਾਂ ਨੂੰ ਪਤਾ ਹੁੰਦਾ ਏ ਕਿ ਤੁਹਾਡੀ ਛਾਤੀ ਵਿਚ ਕਦੋਂ ਦਰਦ ਹੋਣੀ ਚਾਹੀਦੀ ਏ ਤੇ ਕਦੋਂ ਨਹੀਂ।

ਭਗਤ : (ਅੱਗੇ ਆ ਕੇ) ਜੱਜ ਸਾਹਬ ਠੀਕ ਕਹਿੰਦੇ ਨੇ ਸਾਨੂੰ ਪਤਾ ਹੁੰਦਾ ਹੈ ਕਿ ਸਾਡੀ ਛਾਤੀ ਕਦੋਂ ਦਰਦ ਹੋਣੀ ਚਾਹੀਦੀ ਏ। ਇਸੇ ਕਰਕੇ ਤਾਂ ਜੱਜ ਸਾਹਬ ਮੈਨੂੰ ਜੇਲ੍ਹ ਨਹੀਂ ਭੇਜ ਸਕੇ ਸਨ। ਮੈਂ ਜੇਲ੍ਹ ਦੀ ਥਾਂ ਹਸਪਤਾਲ ਲਿਜਾਇਆ ਗਿਆ ਸਾਂ। ਸੋਹਣੀਆਂ ਤੇ ਸਮਾਰਟ ਨਰਸਾਂ ਨੇ ਮੇਰੀ ਬੜੀ ਸੇਵਾ ਕੀਤੀ, ਲੋਕ ਐਵੇਂ ਹਜ਼ਾਰਾਂ ਰੁਪਏ ਖਰਚਕੇ ਸੁੰਦਰਤਾ ਮੁਕਾਬਲੇ ਵੇਖਣ ਜਾਂਦੇ ਹਨ। ਇਹ ਸੁੰਦਰਤਾ ਹਸਪਤਾਲਾਂ ਵਿਚ ਵੀ ਬੜੀ ਲੱਭ ਜਾਂਦੀ ਏ। (ਵਾਪਸ ਆ ਕੇ) ਹਾਂ ਤਾਂ ਜੱਜ ਸਾਹਬ ਇਸ ਔਰਤ ਨੂੰ ਪੁਛੋ ਕਿ ਕੀ ਇਹ ਮੈਨੂੰ ਪਛਾਣਦੀ ਏ।

ਜੱਜ : (ਸਤਨਾਮੀ ਬਾਈ ਨੂੰ ਸੰਬੋਧਨ) ਹਾਂ ਸਤਨਾਮੀ ਬੋਲ, ਕੀ ਤੂੰ ਇਸ ਵਿਅਕਤੀ ਨੂੰ ਪਛਾਣਦੀ ਏਂ ? ਬੋਲ ਬੋਲਦੀ ਕਿਉਂ ਨਹੀਂ ? ਤੇਰੀਆਂ ਦੰਗਾ ਪੀੜਤ ਭੈਣਾਂ ਕਹਿੰਦੀਆਂ ਨੇ ਕਿ ਤੂੰ ਵਿਕ ਗਈ ਏਂ ? ਕੀ ਇਹ ਠੀਕ ਏ ? ਬੋਲ ਮੈਂ ਤੇਰੇ ਕੋਲੋਂ ਆਖਰੀ ਵਾਰ ਪੁੱਛਦਾ ਹਾਂ ਕਿ ਕੀ ਤੂੰ ਇਸ ਵਿਅਕਤੀ ਨੂੰ ਪਛਾਣਦੀ ਏਂ ?

ਆਵਾਜ਼ : ਹਾਂ ਇਹ ਆਖਰੀ ਵਾਰ ਏ, ਜੇ ਨਾਂਹ ਆਖੇਂਗੀ ਤਾਂ ਮਾਲੋਮਾਲ ਕਰ ਦਿੱਤੀ ਜਾਵੇਂਗੀ, ਜੇ ਹਾਂ ਕਵੇਂਗੀ ਤਾਂ ਆਪਣੇ ਪਤੀ ਕੋਲ ਪੁਚਾ ਦਿੱਤੀ ਜਾਏਂਗੀ। (ਆਵਾਜ਼ਾਂ ਦਾ ਟਕਰਾਅ) ਸਤਨਾਮੀ ਆਵਾਜ਼ਾਂ ਦੇ ਟਕਰਾਟ ਵਿਚ ਉਹੀ ਬੋਲਦੀ ਹੈ—ਨਹੀਂ—ਨਹੀਂ—ਮੈਂ ਇਸ ਵਿਅਕਤੀ ਨੂੰ ਨਹੀਂ ਪਛਾਣਦੀ।

*(ਥੋੜੀ ਦੇਰ ਵਕਫਾ। ਸਾਰੇ ਪਾਤਰ ਇਕ ਦੂਜੇ ਵੱਲ ਵੇਖਦੇ ਹਨ।)*

ਜੱਜ : ਅਦਾਲਤ ਅਗਲੀ ਸੁਣਵਾਈ ਤੱਕ ਉਠਾ ਦਿੱਤੀ ਜਾਂਦੀ ਹੈ।

*(ਆਦਾਲਤ ਉਠ ਜਾਂਦੀ ਹੈ। ਜੱਜ ਸਾਹਬ ਚਲੇ ਜਾਂਦੇ ਹਨ। ਹਰਕਿਸ਼ਨ ਲਾਲ ਭਗਤ ਵੀ ਚਲਾ ਜਾਂਦਾ ਹੈ। ਸਤਨਾਮੀ ਇਕੱਲੀ ਹੈ ਉਹ ਹੋਲੇ ਹੋਲੇ ਕਦਮਾਂ ਨਾਲ ਸਟੇਜ ਦੀ ਵਿਚਕਾਰਲੀ ਥਾਂ 'ਤੇ ਆਉਂਦੀ ਹੈ, ਜਦੋਂ ਪਿਛੋਕੜ ਦੀਆਂ ਆਵਾਜ਼ਾਂ ਆਉਂਦੀਆਂ ਹਨ।)*

ਇਕ : ਸਤਨਾਮੀ ਬਾਈ ਖਰੀਦ ਲਈ ਗਈ।

ਦੋ : ਸਤਨਾਮੀ ਬਾਈ ਵਿੱਕ ਗਈ।

ਇਕ : ਸਤਲਾਮੀ ਬਾਈ ਨੇ ਇਨਸਾਫ ਪਸੰਦ ਲੋਕਾਂ ਨਾਲ ਗ਼ਦਾਰੀ ਕੀਤੀ।

ਦੋ : ਸਤਨਾਮੀ ਬਾਈ ਝੂਠੀ ਹੈ।

ਇਕ : ਸਤਨਾਮੀ ਗ਼ਦਾਰ ਹੈ।

ਦੋ : ਝੂਠੀ।

ਇਕ : ਗ਼ਦਾਰ।

*(ਝੂਠੀ-ਗ਼ਦਾਰ ਸ਼ਬਦਾਂ ਦਾ ਦੁਹਰਾ)*

ਸਤਨਾਮੀ : ਨਹੀਂ ਮੈਂ ਵਿੱਕੀ ਨਹੀਂ, ਮੈਂ ਝੂਠੀ ਨਹੀਂ, ਮੈਂ ਗ਼ਦਾਰ ਨਹੀਂ। ਮੈਂ ਹਾਰ ਗਈ ਹਾਂ, ਜਿਸ ਤਰ੍ਹਾਂ ਇਸ ਦੇਸ਼ ਦਾ ਹਰ ਗਰੀਬ ਹਾਰ ਜਾਂਦਾ ਹੈ (ਵਕਫਾ) ਮੇਰੇ ਲੋਕੋ ਮੈਂ ਇਕੱਲੀ ਔਰਤ ਇਕ ਗ਼ਰੀਬ ਔਰਤ ਹਾਰ ਗਈ ਹਾਂ। ਪਰ ਤੁਸੀਂ ਨਾ ਹਾਰਨਾ। ਤੁਸੀਂ ਇਕ ਗ਼ਲਤ ਨਿਜ਼ਾਮ ਵਿਚ ਜੀ ਰਹੇ ਹੋ। ਆਪਣੇ ਦਿਲਾਂ ਵਿਚ ਇਸ ਨਿਜ਼ਾਮ ਦੇ ਵਿਰੁੱਧ ਗੁੱਸੇ ਤੇ ਨਫਰਤ ਦੀ ਅੱਗ ਬਾਲੋ। ਕੱਠੇ ਹੋਵੋ, ਸੜਕਾਂ 'ਤੇ ਆਵੋ। ਮੈਂ ਹਾਰ ਗਈ ਹਾਂ। ਤੁਸੀਂ ਜਿੱਤ ਸਕਦੇ ਹੋ। ਮੇਰੀ ਗ਼ਰੀਬਣੀ ਦੀ ਤੁਹਾਨੂੰ ਹੱਥ ਜੋੜਕੇ ਬੇਨਤੀ ਹੈ। ਤੁਸੀਂ ਨਾ ਹਾਰਨਾ, ਤੁਸੀਂ ਨਾ ਹਾਰਨਾ।

*(ਹੱਥ ਜੋੜਣ ਦੀ ਮੁਦਰਾ ਵਿਚ ਖਲੋ ਜਾਂਦੀ ਹੈ।)*